# 67

# ਸਾਕਤ ਸਿਉ ਕਰਿ ਉਲਟੀ ਰੇ ॥

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ।
ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ। (ਵਾ.ਭਾ.ਗੁ.੧/੨੪)

ਸ੍ਰਿਸ਼ਟੀ ਦੀ ਪੁਕਾਰ ਸੁਣ ਕੇ, ਅਕਾਲ ਪੁਰਖ ਨੇ 'ਧੰਨ ਗੁਰੂ ਨਾਨਕ' ਦੇ ਰੂਪ ਵਿਚ ਆਪਣੇ ਆਪ ਨੂੰ ਪ੍ਰਗਟ ਕੀਤਾ । ਇਸ ਜਲਦੇ-ਬਲਦੇ ਸੰਸਾਰ ਅੰਦਰ ਇਲਾਹੀ-ਰਾਗ ਦੁਆਰਾ, ਰੱਬੀ-ਬਾਣੀ ਗਾ ਕੇ, ਮਿਹਰ ਅਤੇ ਠੰਢ ਦਾ ਮੀਂਹ ਵਰਸਾਇਆ ਅਤੇ ਤਪਦੀ-ਸੜਦੀ ਸ੍ਰਿਸ਼ਟੀ ਨੂੰ ਸ਼ੀਤਲਤਾ ਬਖਸ਼ੀ । ਇਹ ਗੁਰੂ ਬਾਬੇ ਦੀ ਮਿੱਠੀ ਮਿਹਰ ਅਤੇ ਮਹਾਨ ਇਲਾਹੀ ਕਰਾਮਾਤ ਸੀ, ਜੋ ਸੰਸਾਰ ਅੰਦਰ 'ਉਲਟੀ ਗੰਗਾ' ਵਗਾ, ਧਰਤੀ ਦੀ ਤਪਸ਼ ਨੂੰ ਠਾਰਿਆ ਅਤੇ ਸੁੱਕੇ-ਸੜੇ ਹਿਰਦਿਆਂ ਨੂੰ ਸ਼ੀਤਲ ਅਤੇ ਪ੍ਰਫੁੱਲਤ ਕੀਤਾ ।

ਗੁਰੂ ਬਾਬੇ ਪਾਸ ਉਹ ਕਿਹੜੀ ਕਰਾਮਾਤ ਸੀ, ਜਿਸ ਰਾਹੀਂ ਕਲਜੁਗ ਅੰਦਰ ਸਤਿਜੁਗ ਦਾ ਵਰਤਾਰਾ ਹੋਇਆ ?

ਇਹ ਸ੍ਰੀ ਗੁਰੂ ਗਰੀਬ ਨਿਵਾਜ ਰਾਹੀਂ ਉਚਾਰੀ 'ਧੁਰ ਕੀ ਬਾਣੀ' ਸੀ, ਜਿਸ ਨੇ ਰਾਕਸ਼ਾਂ ਨੂੰ ਦੇਵਤਿਆਂ ਅਤੇ ਚੋਰਾਂ ਤੇ ਠੱਗਾਂ ਨੂੰ ਸਾਧੂਆਂ ਵਿਚ ਬਦਲ ਕੇ ਰੱਖ ਦਿੱਤਾ ।

ਸੰਸਾਰੀ ਜੀਵ ਕਰਮ-ਬੱਧ ਹੈ । ਆਤਮਿਕ ਅਨੁਭਵੀ ਗਿਆਨ ਨਾ ਹੋਣ ਕਰਕੇ, ਸਾਰੇ ਜੀਵ ਬਗੈਰ ਕਿਸੇ ਸਹੀ ਦੈਵੀ ਸੇਧ ਦੇ, ਅੰਨ੍ਹੇ-ਵਾਹ ਮਾਇਆ ਦੇ 'ਬਿਖਮ-ਸਾਗਰ' ਅੰਦਰ ਗੋਤੇ ਖਾ ਰਹੇ ਹਨ। ਸ੍ਰਿਸ਼ਟੀ ਝੂਠੇ ਧੰਧਿਆਂ ਵਿਚ ਪਲਚ-ਪਲਚ ਕੇ ਅਮੋਲਕ ਜੀਵਨ ਬਰਬਾਦ ਕਰੀ ਜਾ ਰਹੀ ਹੈ ਅਤੇ ਇਸ ਭਵ-ਸਾਗਰ ਅੰਦਰ 'ਕਿਝੁ ਨਾ ਬੁਝੇ ਕਿਝੁ ਨ ਸੁਝੈ' ਵਾਲਾ ਦੁਖੀ ਜੀਵਨ ਬਤੀਤ ਕਰੀ ਜਾ ਰਹੀ ਹੈ ।

ਗੁਰੂ ਬਾਬੇ ਨੇ ਸੰਸਾਰ ਦੀ ਇਸ ਤਰਸਯੋਗ ਅਧੋਗਤੀ ਦੀ ਸਹੀ ਤਸਵੀਰ ਇਉਂ ਖਿੱਚੀ ਹੈ —

ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥
ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੇ ॥
ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥
ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥

ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ॥
ਪਰ ਕੀ ਕਉ ਅਪੁਨੀ ਕਹੈ ਅਪੁਨੋ ਨਹੀ ਭਾਇਆ ॥
ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥
ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥
ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥
ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥ (ਪੰਨਾ-229)

ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ ॥
ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ ॥ (ਪੰ. - 823)

ਅਸੀਂ ਇਸ ਮਾਇਕੀ ਸੰਸਾਰ ਵਿਚ ਜਨਮ ਲਿਆ ਹੈ, ਇਸ ਲਈ ਇਸ ਦੀ 'ਪਾਹ' ਤੇ ਰੰਗਤ ਤੋਂ ਬਚਣਾ ਅਸੰਭਵ ਹੈ ।

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥ (ਪੰਨਾ 921)

ਇਸ ਪੰਗਤੀ ਅਨੁਸਾਰ ਸੰਕੇਤ ਮਿਲਦਾ ਹੈ, ਕਿ ਮਾਤਾ ਦੇ ਉਦਰ ਵਿਚ ਜੀਵ ਅੰਦਰ ਕੋਈ 'ਜੀਵਨ ਰੌਂ' ਚਲ ਰਹੀ ਸੀ, ਉਹ ਸੀ ਨਿਰੰਕਾਰੀ ਦੇਸ਼ ਦੀ ਲਗਨ, 'ਇਲਾਹੀ ਲਿਵ' । ਪਰੰਤੂ ਜਨਮ ਲੈਂਦੇ ਸਾਰ ਹੀ ਉਹ ਜੀਵਨ-ਰੌਂ ਬਦਲ ਗਈ ਅਤੇ ਮਾਇਕੀ ਮੰਡਲ ਵਿਚ ਪ੍ਰਵੇਸ਼ ਕਰਦਿਆਂ ਹੀ ਮਾਇਆ ਨੇ ਅਸਰ ਪਾਉਣਾ ਆਰੰਭ ਕਰ ਦਿੱਤਾ ।

ਜਦ ਜੀਵ ਨੂੰ ਮਾਇਆ ਦੀ 'ਪਾਹ' ਯਾ 'ਪਿਉਂਦ' ਚੜ੍ਹ ਜਾਂਦੀ ਹੈ, ਤਾਂ ਉਸ ਵਿਚ ਮਾਇਕੀ ਮੰਡਲ ਦੇ ਸਾਰੇ ' ਅਉਗੁਣ' ਪ੍ਰਵੇਸ਼ ਹੋ ਜਾਦੇ ਹਨ । ਜਿਉਂ-ਜਿਉਂ ਇਹ ਮਾਇਆ ਦੀ 'ਰੰਗਤ' ਗਾੜ੍ਹੀ ਹੁੰਦੀ ਜਾਂਦੀ ਹੈ ਤਿਉਂ-ਤਿਉਂ ਉਹ ਆਪਣੇ 'ਅਸਲੇ' ਅਥਵਾ ਆਤਮ-ਮੰਡਲ ਨੂੰ ' ਭੁੱਲਦਾ' ਅਤੇ ਉਸ ਤੋਂ 'ਬੇਮੁਖ' ਹੁੰਦਾ ਜਾਂਦਾ ਹੈ । ਇਸ ਤਰ੍ਹਾਂ ਜੀਵ ਮਾਇਆ ਵਿਚ 'ਖਚਤ' ਹੁੰਦਾ ਜਾਂਦਾ ਹੈ ।

ਇਨਿ੍ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥ (ਪੰਨਾ-857)

ਸਾਡਾ ਹੁਣ ਦਾ ਮਾਇਕੀ 'ਜੀਵਨ ਵੇਗ' ਸਾਨੂੰ ਦੁੱਖਾਂ ਦੇ ਅਸਗਾਹ ਸਮੁੰਦਰ ਵਲ ਲੈ ਜਾ ਰਿਹਾ ਹੈ ਅਤੇ ਅਸੀਂ ਦੁਖਾਂ ਦੇ ਸਾਗਰ ਵਿਚ ਅੰਨੇ ਵਾਹ ਰੁੜ੍ਹੇ ਜਾ ਰਹੇ ਹਾਂ ।

ਗੁਰੂ ਬਾਬੇ ਨੇ ਸੰਸਾਰ ਦੀ ਐਸੀ ਤਰਸਯੋਗ ਅਧੋਗਤੀ ਨੂੰ ਅਨੁਭਵ ਕਰਕੇ, ਸੰਸਾਰ ਨੂੰ ਗੁਰਬਾਣੀ ਦੁਆਰਾ ਸਹੀ ਆਤਮਿਕ ਸੇਧ ਦਿੱਤੀ ।

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ (ਪੰਨਾ-12)

ਆਪੁ ਛੋਡਿ ਬੇਨਤੀ ਕਰਹੁ ॥
ਸਾਧਸੰਗਿ ਅਗਨਿ ਸਾਗਰੁ ਤਰਹੁ ॥ (ਪੰਨਾ-295)

ਤਰਿਓ ਸਾਗਰੁ ਪਾਵਕ ਕੋ ਜਉ ਸੰਤ ਭੇਟੇ ਵਡ ਭਾਗਿ ॥ (ਪੰਨਾ-701)

ਭਉਜਲੁ ਬਿਖਮੁ ਅਸਗਾਹੁ ਗੁਰ ਸਬਦੀ ਪਾਰਿ ਪਾਹਿ ॥ (ਪੰਨਾ-962)

ਉਪਰੋਕਤ ਵਿਚਾਰਾਂ ਨੂੰ ਚੰਗੀ ਤਰ੍ਹਾਂ ਸਮਝ ਕੇ, ਆਪਣੇ ਜੀਵਨ ਦਾ ਰੁਖ ਮੋੜੇ ਬਿਨਾਂ, ਅਸੀਂ ਕਦਾਚਿਤ ਦੁਖਾਂ ਤੋਂ ਬਚ ਨਹੀਂ ਸਕਾਂਗੇ ਅਤੇ ਨਾ ਹੀ ਕਦੇ ਸਦੀਵੀ ਸੁਖ ਦੀ ਪ੍ਰਾਪਤੀ ਹੋ ਸਕੇਗੀ । ਜਿਉਂ-ਜਿਉਂ ਸਤਿਸੰਗ ਅਤੇ ਸਿਮਰਨ ਦੁਆਰਾ ਸਾਡੇ ਨਿਤ ਦੇ ਜੀਵਨ ਦਾ 'ਰੁਖ' ਬਦਲੇਗਾ, ਤਿਉਂ-ਤਿਉਂ ਸਾਡੇ ਮਨ-ਬਚ-ਕਰਮਾਂ ਵਿਚ ਤਬਦੀਲੀ ਆਉਂਦੀ ਜਾਵੇਗੀ । ਇਥੋਂ ਤੱਕ ਕਿ ਸਾਡਾ 'ਮੈਂ-ਮੇਰੀ' ਵਾਲਾ 'ਆਪਾ-ਭਾਵ' ਬਿਲਕੁਲ ਖਤਮ ਹੋ ਜਾਵੇਗਾ ।

ਗੁਰੂ ਫੁਰਮਾਨ ਹੈ —

ਉਲਟ ਭਈ ਜੀਵਤ ਮਰਿ ਜਾਗਿਆ ॥
ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥ (ਪੰਨਾ- 221)

'ਜੀਵਤ-ਭਾਵ' ਤੋਂ ਮਰ ਕੇ, ਜੀਵ ਨੂੰ 'ਜਾਗਰਤੀ' ਪ੍ਰਾਪਤ ਹੁੰਦੀ ਹੈ ਅਤੇ 'ਸਬਦ' ਵਿਚ ਰਤੇ ਜਾਣ ਤੇ 'ਉਲਟੀ ਖੇਡ' ਵਰਤਦੀ ਹੈ । ਇਸ ਸੰਬੰਧੀ ਭਗਤ ਕਬੀਰ ਸਾਹਿਬ ਦਾ ਫੁਰਮਾਨ ਹੈ –

ਜਮ ਤੇ ਉਲਟਿ ਭਏ ਹੈ ਰਾਮ ॥
ਦੁਖ ਬਿਨਸੇ ਸੁਖ ਕੀਓ ਬਿਸਰਾਮ ॥
ਬੈਰੀ ਉਲਟਿ ਭਏ ਹੈ ਮੀਤਾ ॥
ਸਾਕਤ ਉਲਟਿ ਸੁਜਨ ਭਏ ਚੀਤਾ ॥
ਅਬ ਮੋਹਿ ਸਰਬ ਕੁਸਲ ਕਰਿ ਮਾਨਿਆ ॥
ਸਾਂਤਿ ਭਈ ਜਬ ਗੋਬਿਦੁ ਜਾਨਿਆ ॥ ਰਹਾਉ ॥
ਤਨ ਮਹਿ ਹੋਤੀ ਕੋਟਿ ਉਪਾਧਿ ॥
ਉਲਟਿ ਭਈ ਸੁਖ ਸਹਜਿ ਸਮਾਧਿ ॥
ਆਪੁ ਪਛਾਨੈ ਆਪੈ ਆਪ ॥
ਰੋਗੁ ਨ ਬਿਆਪੈ ਤੀਨੌਂ ਤਾਪ ॥
ਅਬ ਮਨੁ ਉਲਟਿ ਸਨਾਤਨੁ ਹੂਆ ॥
ਤਬ ਜਾਨਿਆ ਜਬ ਜੀਵਤ ਮੂਆ ॥
ਕਹੁ ਕਬੀਰ ਸੁਖਿ ਸਹਜਿ ਸਮਾਵਉ ॥
ਆਪਿ ਨ ਡਰਉ ਨ ਅਵਰ ਡਰਾਵਉ ॥ (ਪੰਨਾ-326-27)

ਸਤਿਸੰਗ ਵਿਚ ਦਮ-ਬ-ਦਮ 'ਗੁਰ ਸ਼ਬਦ' ਦੀ ਅਤੁਟ ਕਮਾਈ ਦੁਆਰਾ ਜੀਵ ਦਾ ਸੁਭਾਉ ਅਤੇ ਵਰਤਾਰਾ ਹੀ 'ਉਲਟ' ਹੋ ਜਾਂਦਾ ਹੈ । ਸਤਿਗੁਰੂ ਦੀ ਕਿਰਪਾ ਦੁਆਰਾ ਜਦੋਂ 'ਸਤਿ-ਚਿਤ-ਆਨੰਦ' ਗੋਬਿੰਦ ਜੀ ਨਾਲ, ਜੀਵ ਦਾ ਅੰਤ੍ਰ-ਆਤਮੇ 'ਸੰਪਰਕ'

ਹੁੰਦਾ ਹੈ, ਤਾਂ ਸ਼ਾਂਤੀ ਹੀ ਸ਼ਾਂਤੀ, ਠੰਢ ਹੀ ਠੰਢ ਵਰਤ ਜਾਂਦੀ ਹੈ ਅਤੇ ਅਕਹਿ ਅਨੰਦ ਦੀ ਪ੍ਰਾਪਤੀ ਹੁੰਦੀ ਹੈ ।

ਇਸ ਤਰ੍ਹਾਂ ਜੀਵ ਦਾ ਬਾਹਰਲਾ ਵਰਤਾਰਾ 'ਬੁਰਾ ਨਹੀਂ ਸਭ ਭਲਾ ਹੀ ਹੈ ਰੇ' ਵਾਲਾ ਹੋ ਜਾਂਦਾ ਹੈ । ਪਹਿਲੋਂ-ਪਹਿਲ ਇਹ ਅਵਸਥਾ ਸਦੀਵੀ ਨਹੀਂ ਰਹਿੰਦੀ, ਪਰ ਜਿਉਂ-ਜਿਉਂ 'ਗੁਰ ਸਬਦ' ਵਿਚ ਮਨ ਲੀਨ ਹੁੰਦਾ ਜਾਂਦਾ ਹੈ, ਤਿਉਂ-ਤਿਉਂ ਸਦੀਵੀ ਦ੍ਰਿੜ੍ਹ ਅਵਸਥਾ ਪ੍ਰਾਪਤ ਹੁੰਦੀ ਜਾਂਦੀ ਹੈ ਅਤੇ ਜੀਵ 'ਸਹਿਜ-ਸੁਖ' ਵਿਚ ਟਿਕਿਆ ਹੋਇਆ, ਕਿਸੇ ਉਮਾਹ, ਉਤਸ਼ਾਹ ਅਤੇ 'ਚੜ੍ਹਦੀ ਕਲਾ' ਵਿਚ ਵਿਚਰਦਾ ਹੈ । ਫਿਰ ਤੁਰਦੇ ਫਿਰਦੇ, ਬਹਿੰਦੇ, ਉਠਦੇ 'ਸਹਿਜ ਅਨੰਦ' ਬਣਿਆ ਰਹਿੰਦਾ ਹੈ । ਜਿਵੇਂ ਗੁਰੂ ਵਾਕ ਹੈ –

ਸਾਇਰ ਸਪਤ ਭਰੇ ਜਲ ਨਿਰਮਲਿ ਉਲਟੀ ਨਾਵ ਤਰਾਵੈ ॥
ਬਾਹਰ ਜਾਤੌ ਠਾਕਿ ਰਹਾਵੈ ਗੁਰਮੁਖਿ ਸਹਜਿ ਸਮਾਵੈ ॥ (ਪੰਨਾ-1332)

ਇਸ ਤਰ੍ਹਾਂ ਅਨੰਦ ਦੀ ਪ੍ਰਾਪਤੀ ਰੋਮ-ਰੋਮ ਅੰਦਰ ਮਹਿਸੂਸ ਹੁੰਦੀ ਰਹਿੰਦੀ ਹੈ । 'ਆਪਣਾ ਆਪਾ' —

ਮਿੱਠਾ-ਮਿੱਠਾ
ਸੋਹਣਾ-ਸੋਹਣਾ
ਠੰਢਾ-ਠੰਢਾ
ਹਲਕਾ-ਹਲਕਾ
ਪਿਆਰਾ-ਪਿਆਰਾ
ਨਿੱਘਾ-ਨਿੱਘਾ
ਖਿੜਿਆ-ਖਿੜਿਆ

ਮਹਿਸੂਸ ਹੁੰਦਾ ਹੈ ।

ਇਥੋਂ ਤਕ ਕਿ 'ਆਪਾ ਭਾਵ' ਬਿਲਕੁਲ ਖਤਮ ਹੋ ਜਾਂਦਾ ਹੈ ਅਤੇ ਤੂੰ ਤੂੰ ਕਰਤਾ ਤੂ ਹੂਆ' ਦੀ ਅਵਸਥਾ ਵਾਪਰਦੀ ਹੈ, ਸਭ ਚਿੰਤਾ-ਝੋਰੇ ਦੂਰ ਹੋ ਕੇ ਅਕਹਿ ਸੁਖ ਅਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ ।

ਗੁਰੂ ਪੰਚਮ ਪਾਤਸ਼ਾਹ ਜੀ ਦਾ ਹੁਕਮ ਹੈ —

ਜਿਨਾ ਬਾਤ ਕੋ ਬਹੁਤੁ ਅੰਦੇਸਰੋ ਤੇ ਮਿਟੇ ਸਭ ਗਇਆ ॥
ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ ਬਿਗਸਇਆ ॥
ਦੇਖਹੁ ਅਚਰਜੁ ਭਇਆ ॥
ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ ॥ ਰਹਾਉ ॥
ਜੋਇ ਦੂਤ ਮੋਹਿ ਬਹੁਤੁ ਸੰਤਾਵਤ ਤੇ ਭਇਆਨਕ ਭਇਆ ॥
ਕਰਹਿ ਬੇਨਤੀ ਰਾਖੁ ਠਾਕੁਰ ਤੇ ਹਮ ਤੇਰੀ ਸਰਨਇਆ ॥ (ਪੰਨਾ-612)

ਅਸੀਂ ਸੰਸਾਰ ਦੇ ਵਰਤ-ਵਰਤਾਰੇ ਵਲ ਨਿਗਾਹ ਮਾਰੀਏ, ਤਾਂ ਨਿਤ ਦੇ ਜੀਵਨ ਤੋਂ ਇਹ ਗੱਲਾਂ ਉਭਰ ਕੇ ਸਾਹਮਣੇ ਆਉਣਗੀਆਂ, ਕਿ ਸੰਸਾਰ ਵਿਚ —

1. ਲੈ ਕੇ ਖੁਸ਼ ਹੋਣ ਵਾਲੇ ਸਾਰੇ, ਪਰ 'ਹਥਹੁ ਦੇ ਕੈ ਭਲਾ ਮਨਾਵੈ' ਵਾਲਾ ਕੋਈ ਵਿਰਲਾ ।
2. ਕਥਨੀ ਵਾਲੇ 'ਗਿਆਨੀ' ਸਾਰੇ, ਪਰ ਕਮਾਉਣ ਵਾਲਾ ਕੋਈ ਵਿਰਲਾ ।

   ਜਗਿ ਗਿਆਨੀ ਵਿਰਲਾ ਆਚਾਰੀ ॥
   ਜਗਿ ਪੰਡਿਤੁ ਵਿਰਲਾ ਵੀਚਾਰੀ ॥ (ਪੰਨਾ-413)
3. ਖਾਣ ਵਾਲੇ ਸਾਰੇ, ਪਰ 'ਖੁਆਉਣ' ਵਾਲਾ ਕੋਈ ਵਿਰਲਾ ।
4. 'ਪਰ-ਅਉਗੁਣ' ਤੱਕਣ ਵਾਲੇ ਸਾਰੇ, ਪਰ ਆਪਣੇ ਅਉਗੁਣਾਂ ਵਲ ਨਿਗਾਹ ਮਾਰਨ ਵਾਲਾ ਕੋਈ ਵਿਰਲਾ ॥

   ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥ (ਪੰਨਾ-1378)
5. ਲੋਕਾਂ ਦੇ ਅਉਗੁਣਾ ਦੀ 'ਚਰਚਾ' ਕਰਨ ਵਾਲੇ ਸਾਰੇ, ਪਰ 'ਦੇਖ ਕੇ ਅਣਡਿਠ' ਤੇ 'ਸੁਣ ਕੇ ਅਣਸੁਣਾ' ਕਰਨ ਵਾਲਾ ਕੋਈ ਵਿਰਲਾ ।

   ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ (ਪੰਨਾ-766)
6. ਕੌੜਾ ਤੇ ਫਿੱਕਾ ਬੋਲਣ ਵਾਲੇ ਸਾਰੇ, 'ਮਿੱਠਾ' ਬੋਲਣ ਵਾਲਾ ਕੋਈ ਵਿਰਲਾ।
7. 'ਨਿੰਦਾ' ਕਰਨ ਵਾਲੇ ਸਾਰੇ ਪਰ ਆਪਣੀ ਨਿੰਦਾ ਸੁਣ ਕੇ ਖੁਸ਼ ਹੋਣ ਵਾਲਾ ਵਿਰਲਾ ।

   ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥
   ਨਿੰਦਾ ਜਨ ਕਉ ਖਰੀ ਪਿਆਰੀ ॥ (ਪੰਨਾ-339)
8. 'ਬੁਰਾ' ਕਰਨ ਵਾਲੇ ਬਹੁਤ, ਪਰ ਬੁਰੇ ਨਾਲ ਭਲਾ ਕਰਨ ਵਾਲਾ ਕੋਈ ਵਿਰਲਾ ।

   ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥ (ਪੰਨਾ-1382)
9. ਲੋਕਾਂ ਨਾਲ 'ਰੋਸੇ-ਗਿਲੇ' ਕਰਨ ਵਾਲੇ ਸਾਰੇ, ਪਰ 'ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ' ਵਾਲਾ ਕੋਈ ਵਿਰਲਾ ।
10. 'ਈਰਖਾ-ਦਵੈਤ' ਦੀਆਂ ਗੰਢਾਂ ਬੰਨ੍ਹਣ ਵਾਲੇ ਸਾਰੇ, 'ਪਰ ਕਾ ਬੁਰਾ ਨ ਰਾਖਹੁ ਚੀਤ' ਵਾਲਾ ਕੋਈ ਵਿਰਲਾ ।
11. 'ਡੰਡੀ ਮਾਰਨ ਵਾਲੇ' ਬਹੁਤ, ਪਰ 'ਪੂਰਾ ਤੋਲਣ' ਵਾਲਾ ਕੋਈ ਵਿਰਲਾ ।
12. 'ਡੰਗ ਟਪਾਊ' ਸਾਰੇ , ਪਰ 'ਫਰਜ਼-ਡਿਊਟੀ' ਨਿਭਾਉਣ ਵਾਲਾ ਕੋਈ ਵਿਰਲਾ ।

13. 'ਅੱਗ ਲਾਉਣ' ਵਾਲੇ ਸਾਰੇ, ਪਰ 'ਬੁਝਾਉਣ' ਵਾਲਾ ਕੋਈ ਵਿਰਲਾ ।

14. ਦਿਲ ਦੇ ਸ਼ੀਸ਼ੇ ਨੂੰ 'ਤੋੜਣ' ਵਾਲੇ ਸਾਰੇ, ਪਰ 'ਜੋੜਣ' ਵਾਲਾ ਕੋਈ ਵਿਰਲਾ।

ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ (ਪੰਨਾ-1384)

15. ਖਿੜੇ ਹੋਏ ਹਿਰਦੇ ਨੂੰ 'ਮੁਰਝਾਉਣ' ਵਾਲੇ ਸਾਰੇ, ਪਰ ਮੁਰਝਾਇਆਂ ਨੂੰ 'ਖਿੜਾਉਣ' ਵਾਲਾ ਕੋਈ ਵਿਰਲਾ ।

ਗੱਲ ਕੀ, ਹਰ ਪਾਸੇ –

ਠੱਗੀ-ਠੋਰੀ
ਵੱਢੀ-ਖੋਰੀ
ਕੰਮ ਦੀ ਚੋਰੀ
ਟਾਲ ਮਟੋਲ
ਲਾਰੇ ਬਾਜ਼ੀ
ਦਗਾ
ਫਰੇਬ

ਦਾ ਬੋਲਬਾਲਾ ਤੇ ਵਰਤ-ਵਰਤਾਰਾ ਹੈ ।

ਉਹ ਕਿਹੜਾ ਅਉਗੁਣ ਹੈ, ਜੋ ਸਾਡੇ ਵਿਚ ਨਹੀਂ ਹੈ ! ਮਨ-ਬਚ-ਕਰਮਾਂ ਕਰਕੇ ਰਾਤ-ਦਿਨ 'ਕੂੜ ਫਿਰੈ ਪਰਧਾਨ ਵੇ ਲਾਲੋ' ਵਾਲਾ ਜੀਵਨ ਬਤੀਤ ਕਰ ਰਹੇ ਹਾਂ ।ਸਮਾਜਿਕ ਹਾਲਤ ਤਾਂ ਨਰਕ ਤੋਂ ਵੀ ਭੈੜੀ ਹੋ ਚੁੱਕੀ ਹੈ ।

ਗੁਰੂ ਬਾਬੇ ਨੇ ਸਾਨੂੰ —

'ਸੱਚੇ-ਸੌਦੇ' ਕਰਨੇ ਸਿਖਾਏ ।

'ਤੇਰਾਂ-ਤੇਰਾਂ' ਤੋਲਣਾ ਦੱਸਿਆ ।

ਹਥਹੁ ਦੇ ਕੈ ਭਲਾ ਮਨਾਉਣਾ ਸਿਖਾਇਆ ।

'ਅਣਹੋਂਦਾ ਆਪ ਵੰਡਾਉਣ' ਦੀ ਜਾਂਚ ਦੱਸੀ ।

ਗੁਰੂ ਸਾਹਿਬਾਨ ਨੇ ਜ਼ੁਲਮ ਰੋਕਣ ਦੀ ਖਾਤਰ ਬਲੀਦਾਨ ਦੇ ਕੇ, ਸਾਨੂੰ ਇਹ ਸਿਖਾਇਆ ਕਿ ਅਸਲੀ ਜੀਵਨ ਤਾਂ 'ਲੋਕਾਈ ਖਾਤਰ ਜੀਉਣਾ ਅਤੇ ਲੋਕਾਈ ਖਾਤਰ ਮਰਨਾ' ਹੀ ਹੈ ।ਅਸੀਂ ਗੁਰੂ ਬਾਬੇ ਦੇ ਦਰਸਾਏ ਹੋਏ 'ਗਾਡੀ-ਰਾਹ' ਤੋਂ ਖੁੰਝੇ ਜਾ ਰਹੇ ਹਾਂ ।

ਆਓ ! ਗੁਰੂ ਬਾਬੇ ਦੀ ਬਾਣੀ ਨੂੰ ਵੀਚਾਰਦੇ ਹੋਏ, ਆਪਣੇ ਜੀਵਨ ਨੂੰ 'ਪਲਟਾ' ਦੇਈਏ ਤੇ ਸੱਚੀ-ਸੁੱਚੀ ਸੇਧ ਵਿਚ ਤੁਰੀਏ ।

ਐਸੀ 'ਉਲਟੀ ਖੇਲ' ਸਾਧ ਸੰਗਤ ਵਿਚ ਵਿਚਰਦਿਆਂ ਹੋਇਆਂ 'ਗੁਰੂ ਸ਼ਬਦ' ਦੀ ਕਮਾਈ ਦੁਆਰਾ, ਹਰਿ-ਰਸ ਵਿਚ ਰੱਤੇ ਜਾਣ ਨਾਲ ਹੀ ਪ੍ਰਾਪਤ ਹੁੰਦੀ ਹੈ —

ਐਸੋ ਹਰਿ ਰਸੁ ਬਰਨਿ ਨ ਸਾਕਉ
ਗੁਰਿ ਪੂਰੇ ਮੇਰੀ ਉਲਟਿ ਧਰੀ ॥ (ਪੰਨਾ-823)

ਸਾਡੀ 'ਮਤਿ' ਕੇਵਲ ਉਸ ਵੇਲੇ ਬਦਲਣੀ ਸ਼ੁਰੂ ਹੁੰਦੀ ਹੈ, ਜਦ ਅਸੀਂ ਆਪਣੇ ਮਨ ਦਾ 'ਰੁਖ' ਸੰਸਾਰ ਵਲੋਂ ਮੋੜ ਕੇ ਗੁਰੂ ਵਲ ਕਰਦੇ ਹਾਂ । ਜਿਉਂ-ਜਿਉਂ ਸਾਡੇ ਮਨ ਦਾ 'ਰੁਖ' ਗੁਰੂ ਵਲ ਮੁੜਦਾ ਜਾਂਦਾ ਹੈ, ਤਿਉਂ-ਤਿਉਂ ਸਾਡੇ ਵਿਚ ਗੁਰੂ ਵਾਲੇ ਗੁਣ ਪ੍ਰਵੇਸ਼ ਹੁੰਦੇ ਜਾਂਦੇ ਹਨ ।

ਗੁਰਮੁਖਿ ਹੋਵੈ ਸੁ ਪਲਟਿਆ ਹਰਿ ਰਾਤੀ ਸਾਜਿ ਸੀਗਾਰਿ ॥ (ਪੰਨਾ-785)

ਪਰ ਸਾਡੀ ਹਾਲਤ ਤਰਸਯੋਗ ਹੈ । ਭਰਮ ਦੀ ਅਗਿਆਨਤਾ ਕਾਰਣ ਸਾਨੂੰ ਗੁਰੂ ਆਪਣੇ ਨਾਲ ਅੰਗ-ਸੰਗ ਹੁੰਦਾ ਹੋਇਆ ਭੀ, ਅਨੁਭਵ ਨਹੀਂ ਹੁੰਦਾ ਅਤੇ ਅਸੀਂ ਅੰਨੇ੍ਵਾਹ ਰਸਾਤਲ ਵਲ ਰੁੜ੍ਹੇ ਜਾ ਰਹੇ ਹਾਂ ।

ਐਸੇ ਕਾਹੇ ਭੂਲਿ ਪਰੇ ॥
ਕਰਹਿ ਕਰਾਵਹਿ ਮੂਕਰਿ ਪਾਵਹਿ ਪੇਖਤ ਸੁਨਤ ਸਦਾ ਸੰਗਿ ਹਰੇ ॥
ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ ॥
ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ ॥
ਅੰਧ ਕੂਪ ਮਹਿ ਪਰਿਓ ਪਰਾਨੀ ਭਰਮ ਗੁਬਾਰ ਮੋਹ ਬੰਧਿ ਪਰੇ ॥
ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੈ ਕਾਢੈ ਬਾਹ ਫਰੇ ॥ (ਪੰਨਾ-823)

ਅਕਾਲ ਪੁਰਖ ਦੇ ਚਰਨ-ਕਮਲ ਦੀ ਮੌਜ ਛੱਡ ਕੇ, ਮਨੁਖ ਛਾਇਆ ਰੂਪ ਮਾਇਆ ਨੂੰ ਵਿਹਾਝਨ ਵਿਚ ਜੁਟਿਆ, ਰਾਤ-ਦਿਨ 'ਪੈਸਾ-ਪੈਸਾ' ਕੂਕ ਰਿਹਾ ਹੈ। ਕਾਮ, ਕ੍ਰੋਧ ਆਦਿ ਜੋ ਇਸ ਦੇ 'ਵੈਰੀ' ਹਨ, ਉਹਨਾਂ ਨਾਲ ਪਿਆਰ ਅਤੇ ਸਤ, ਸੰਤੋਖ, ਦਇਆ, ਸੇਵਾ-ਭਾਵ, ਆਪਾ-ਵਾਰਨਾ ਆਦਿ ਦੈਵੀ ਗੁਣ, ਜੋ ਇਸ ਦੇ 'ਸੱਜਣ' ਹਨ, ਉਹਨਾਂ ਵੱਲੋਂ ਮੁਖ ਮੁੜੀ ਬੈਠਾ ਹੈ । ਇਹ ਜਗ ਮਿੱਠਾ, ਅਗਲਾ ਕਿਨ ਡਿੱਠਾ' ਅਨੁਸਾਰ ਸਦਾ ਸਹਾਈ ਪ੍ਰਮੇਸ਼ਰ ਨੂੰ ਛੱਡ,'ਛਿਨ-ਭੰਗਰ' ਜੀਵਨ ਨੂੰ ਮਿੱਠਾ ਜਾਣ, ਵਿਹੁ-ਰੂਪੀ ਮਾਇਆ ਵਿਚ ਲਿਪਟਿਆ ਹੋਇਆ ਵਾਹਿਗੁਰੂ ਤੋਂ 'ਬੇਮੁਖ' ਹੋ ਰਿਹਾ ਹੈ । ਭਰਮ ਦੇ ਗੁਬਾਰ ਅਤੇ ਮੋਹ ਦੇ ਬੰਧਨਾਂ ਕਾਰਣ ਅੰਨ੍ਹੇ ਖੂਹ ਵਿਚ ਗੋਤੇ ਖਾ ਰਿਹਾ ਹੈ ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-133)

ਸਤਿਗੁਰੂ ਜੀ, ਇਸ 'ਬਿਖਮ-ਅਸਗਾਹ ਭਵ-ਸਾਗਰ' ਤੋਂ ਬਚਣ ਦਾ ਰਾਹ 'ਸਾਧ-ਸੰਗਤ' ਦਾ ਆਸਰਾ ਹੀ ਦੱਸਦੇ ਹਨ, ਜਿਥੋਂ ਸਾਨੂੰ 'ਨਾਮ ਦੀ ਓਟ' ਪ੍ਰਾਪਤ ਹੁੰਦੀ ਹੈ । 'ਸਾਧ ਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ' ਦੀ ਅਰਦਾਸ ਦੀ ਜਾਚਨਾ ਸਿਖਾਈ ਹੈ ਅਤੇ ਨਾਮ ਦਾ 'ਓਹਲਾ' ਲੈਣ ਦਾ ਉਪਦੇਸ਼ ਬਖਸ਼ਦੇ ਹਨ —

ਰੇ ਮਨ ਓਟ ਲੇਹੁ ਹਰਿ ਨਾਮਾ ॥ (ਪੰਨਾ 901)

ਜੀਅਰੇ ਓਲਾ ਨਾਮ ਕਾ ॥
ਅਵਰੁ ਜਿ ਕਰਨ ਕਰਾਵਨੋ ਤਿਨ ਮਹਿ ਭਉ ਹੈ ਜਾਮ ਕਾ ॥ (ਪੰਨਾ-211)

ਜਦ ਜੀਵ ਦੇ ਮਨ ਦਾ 'ਰੁਖ' ਆਤਮਾ ਵਲ ਹੁੰਦਾ ਹੈ ਤਾਂ ਉਸ ਨੂੰ 'ਗੁਰ-ਮੁਖ' ਕਿਹਾ ਜਾਂਦਾ ਹੈ ।

ਜਦ ਜੀਵ ਦੇ ਮਨ ਦਾ 'ਰੁਖ' ਆਪਣੀ ਆਤਮਾ ਵੱਲੋਂ ਮੁੜ ਕੇ ਅਥਵਾ 'ਭੁਲ' ਕੇ, ਮਾਇਆ ਵਿਚ ਖਚਤ ਹੋ ਜਾਂਦਾ ਹੈ – ਉਦੋਂ ਉਸ ਨੂੰ 'ਮਨ-ਮੁਖ' ਕਿਹਾ ਜਾਂਦਾ ਹੈ।

ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥
ਗੁਰ ਕੇ ਭੈ ਕੀ ਸਾਰ ਨਾ ਜਾਣਹਿ ॥ (ਪੰਨਾ-1054)

ਜਦ ਜੀਵ ਪਰਮਾਤਮਾ ਨੂੰ 'ਭੁਲ' ਕੇ, ਉਸ ਦੀ 'ਹੋਂਦ' ਤੋਂ ਹੀ ਇਨਕਾਰ ਕਰਦਾ ਹੈ ਅਤੇ ਆਪਣੀ ਝੂਠੀ 'ਮੈਂ-ਮੇਰੀ' ਦੇ ਭਰਮ-ਭੁਲਾਵੇ ਵਿਚ 'ਹੰਕਾਰਿਆ' ਫਿਰਦਾ ਹੈ ਤਾਂ ਉਸ ਨੂੰ 'ਸਾਕਤ' ਕਿਹਾ ਜਾਂਦਾ ਹੈ। ਇਸ ਤਰ੍ਹਾਂ 'ਸਾਕਤ' ਦੀ ਮਾਨਸਿਕ ਅਵਸਥਾ 'ਗੁਰਮੁਖ' ਦੀ ਆਤਮਿਕ ਅਵਸਥਾ ਤੋਂ ਐਨ ਉਲਟ ਹੈ ।

ਖਾਦਾ ਪੈਨਦਾ ਮੂਕਰਿ ਪਾਇ ॥ ਤਿਸ ਨੋ ਜੋਹਹਿ ਦੂਤ ਧਰਮਰਾਇ ॥
ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ ॥
ਕੋਟਿ ਜਨਮ ਭਰਮਹਿ ਬਹੁ ਜੂਨਾ॥ ਰਹਾਉ॥
ਸਾਕਤ ਕੀ ਐਸੀ ਹੈ ਰੀਤਿ ॥ ਜੋ ਕਿਛੁ ਕਰੈ ਸਗਲ ਬਿਪਰੀਤਿ ॥
ਜੀਉ ਪ੍ਰਾਣ ਜਿਨਿ ਮਨੁ ਤਨੁ ਧਾਰਿਆ ॥
ਸੋਈ ਠਾਕੁਰੁ ਮਨਹੁ ਬਿਸਾਰਿਆ ॥ (ਪੰਨਾ-195)

ਕਉਡੀ ਬਦਲੈ ਤਿਆਗੈ ਰਤਨੁ ॥ ਛੋਡਿ ਜਾਇ ਤਾਹੂ ਕਾ ਜਤਨੁ ॥
ਸੋ ਸੰਚੈ ਜੋ ਹੋਛੀ ਬਾਤ ॥ ਮਾਇਆ ਮੋਹਿਆ ਟੇਢਉ ਜਾਤ ॥
ਅਭਾਗੇ ਤੈ ਲਾਜ ਨਾਹੀ ॥
ਸੁਖ ਸਾਗਰ ਪੂਰਨ ਪਰਮੇਸਰੁ ਹਰਿ ਨ ਚੇਤਿਓ ਮਨ ਮਾਹੀ ॥ ਰਹਾਉ ॥
ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥
ਕੂੜਿ ਕਪਟਿ ਅਹੰਕਾਰਿ ਰੀਝਾਨਾ ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥
ਮਾਇਆ ਕਾਰਨਿ ਸਦ ਹੀ ਝੂਰੇ ॥ ਮਨਿ ਮੁਖਿ ਕਬਹਿ ਨ ਉਸਤਤਿ ਕਰੈ ॥
ਨਿਰਭਉ ਨਿਰੰਕਾਰ ਦਾਤਾਰ ॥
ਤਿਸੁ ਸਿਉ ਪ੍ਰੀਤਿ ਨ ਕਰੈ ਗਵਾਰੁ ॥ (ਪੰਨਾ-892-93)

ਸਾਕਤ ਮੁਠੇ ਦੁਰਮਤੀ ਹਰਿ ਰਸੁ ਨਾ ਜਾਣੰਨਿ੍ ॥
ਜਿਨ੍ੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨਿ੍ ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨਿ੍॥ (ਪੰਨਾ-854)

ਸਾਡੇ ਕਮਜ਼ੋਰ ਅਤੇ ਬਦਲਵੇਂ 'ਮਨ' ਉਤੇ ਸੰਗਤ ਦਾ ਅਸਰ ਹੋਣਾ ਅਵੱਸ਼ ਅਥਵਾ ਲਾਜ਼ਮੀ ਹੈ ।

ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥ (ਪੰਨਾ-1369)

ਇਸੇ ਲਈ ਗੁਰਬਾਣੀ ਵਿਚ ਜੀਵਾਂ ਨੂੰ ਐਸੇ 'ਮਨਮੁਖ' ਅਥਵਾ 'ਸਾਕਤ' ਦੀ 'ਸੰਗਤ' ਤੋਂ ਬਚਣ ਦੀ ਇਉ ਪ੍ਰੇਰਨਾ ਕੀਤੀ ਗਈ ਹੈ —

ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ
ਮਨ ਤਿਨ ਕੈ ਨਿਕਟਿ ਨ ਭਿਟੀਐ ॥ (ਪੰਨਾ-170)

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥
ਉਹ ਝੂਲੇ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥ (ਪੰਨਾ-1369)

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ (ਪੰਨਾ-1371)

ਇਸ 'ਉਲਟੀ ਖੇਲ' ਨੂੰ ਖੇਲਣ ਲਈ 'ਗ੍ਰਿਹਸਥ ਉਦਾਸ' ਜੀਵਨ ਬਤੀਤ ਕਰਦੇ ਹੋਏ 'ਲੋਕ ਸੁਖੀ ਪਰਲੋਕ ਸੁਹੇਲੇ' ਬਣਾਉਣਾ ਹੈ ।

ਉਲਟੀ ਰੇ ਮਨ ਉਲਟੀ ਰੇ ॥
ਸਾਕਤ ਸਿਉ ਕਰਿ ਉਲਟੀ ਰੇ ॥ (ਪੰਨਾ-535)

ਗੁਰਬਾਣੀ ਵਿਚ ਦਰਸਾਏ ਗੁਰ-ਹੁਕਮਾਂ ਨੂੰ ਕਮਾਉਂਦੇ ਹੋਏ, ਸਦੀਵੀ ਸੁਖ ਦੀ ਪ੍ਰਾਪਤੀ ਕਰਨੀ ਹੈ ਅਤੇ 'ਬੇਗਮਪੁਰੇ' ਦੇ ਵਾਸੀ ਹੋ, ਲੁਡ-ਲੁਡ ਦਰਗਹਿ ਵੰਞਨਾ ਹੈ। ਤਾਂ ਕਿ ਸਾਡੇ ਤੇ ਗੁਰੂ ਬਾਬੇ ਦੇ ਇਹ ਬਚਨ ਸਹੀ ਅਰਥਾਂ ਵਿਚ ਢੁੱਕ ਸਕਣ —

ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ ॥ (ਪੰਨਾ-935)

ਬੀਜ ਮੰਤ੍ਰ ਲੈ ਹਿਰਦੈ ਰਹੈ ॥
ਮਨੂਆ ਉਲਟਿ ਸੁੰਨ ਮਹਿ ਗਹੈ ॥ (ਪੰਨਾ-974)

ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ॥ (ਪੰਨਾ-1056)

ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥ (ਪੰਨਾ-1329)

ਦੂਜੇ ਪਾਸੇ 'ਮਨਮੁਖ' ਯਾ ਸਾਕਤ ਦੀ ਅਵਸਥਾ ਤੋਂ ਬਦਲ ਕੇ,'ਗੁਰਮੁਖ' ਬਣਨ ਲਈ, ਉਤਮ ਦੈਵੀ ਸੰਗਤ ਅਥਵਾ 'ਸਾਧ ਸੰਗਤ' ਕਰਨ ਦਾ ਗੁਰਬਾਣੀ ਵਿਚ ਤਾਕੀਦੀ ਹੁਕਮ ਹੈ। ਸਾਧ ਸੰਗਤ ਕਰਦਿਆਂ ਹੋਇਆਂ ਸਾਡੇ ਅੰਤ੍ਰ-ਆਤਮੇ ਅਕਾਲ ਪੁਰਖ ਦੀ —

ਸ਼ਰਧਾ-ਭਾਵਨੀ ਵੱਧਦੀ ਜਾਵੇਗੀ।

ਮਾਇਕੀ ਰੰਗਤ ਘਟਦੀ ਜਾਵੇਗੀ ਅਤੇ

ਸਹਿਜੇ-ਸਹਿਜੇ ਸਾਡੀ ਅਵਸਥਾ 'ਸਾਕਤ' ਤੋਂ ਬਦਲ ਕੇ
'ਗੁਰਮੁਖ' ਬਣ ਜਾਵੇਗੀ ।

ਗੁਰਬਾਣੀ ਵਿਚ ਇਸ ਗੱਲ ਦੀ ਇਉਂ ਪ੍ਰੇਰਨਾ ਕੀਤੀ ਗਈ ਹੈ —

ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥ (ਪੰਨਾ–297)

ਮਹਾ ਪਵਿਤ੍ਰ ਸਾਧ ਕਾ ਸੰਗੁ ॥
ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥ (ਪੰਨਾ 392)

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥ (ਪੰਨਾ–809)

ਗਈ ਗਿਲਾਨਿ ਸਾਧ ਕੈ ਸੰਗਿ ॥
ਮਨ ਤਨੁ ਰਾਤੋ ਹਰਿ ਕੈ ਰੰਗਿ ॥ (ਪੰਨਾ–892)

ਜਨਮ ਜਨਮ ਕੀ ਹਉਮੈ ਮਲੁ ਲਾਗੀ
ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥ (ਪੰਨਾ–1309)

ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥ (ਪੰਨਾ–631)

ਇਕ ਪਾਸੇ ਆਤਮਿਕ ਮੰਡਲ ਵਿਚ —

ਸਚ
ਹੁਕਮ
ਨਾਮ
ਪਿਆਰ
ਨਿਰਮਲਤਾ
ਸੰਤੋਖ
ਦਇਆ
ਧੀਰਜ
ਖਿਮਾ
ਸੇਵਾ ਭਾਵ
ਮੈਤ੍ਰੀ ਭਾਵ
ਸ਼ਰਧਾ–ਭਾਵਨੀ
ਨਿਮਰਤਾ
ਸ਼ਾਂਤੀ

ਆਦਿ, ਦੇ ਦੈਵੀ ਗੁਣਾਂ ਦਾ ਪ੍ਰਵੇਸ਼ ਅਤੇ ਪ੍ਰਗਟਾਵਾ ਹੈ ।

ਦੂਸਰੇ ਪਾਸੇ, ਮਾਇਕੀ ਮੰਡਲ ਵਿਚ —

ਅਗਿਆਨਤਾ
ਭਰਮ
ਹੰਕਾਰ

ਕਾਮ
ਕ੍ਰੋਧ
ਲੋਭ
ਮੋਹ
ਸ਼ਕ
ਡਰ
ਖ਼ੁਦਗਰਜ਼ੀ
ਈਰਖਾ-ਦਵੈਤ
ਦੁਖ-ਕਲੇਸ਼
ਕੁਲਝਣਾ

ਆਦਿ, ਦੇ ਅਉਗੁਣਾਂ ਦਾ ਬੋਲਬਾਲਾ ਤੇ ਵਰਤ-ਵਰਤਾਰਾ ਹੈ ।

ਜੇਕਰ ਅਸੀਂ 'ਮਾਇਕੀ ਮੰਡਲ' ਤੋਂ ਨਿਕਲ ਕੇ, 'ਆਤਮਿਕ ਮੰਡਲ' ਵਿਚ ਪ੍ਰਵੇਸ਼ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਪਹਿਲੀ-ਪੁਰਾਣੀ 'ਜੀਵਨ-ਰੌੜ੍ਹ' ਦੇ ਹਰ ਪਖ, ਅਥਵਾ —

ਖਿਆਲ
ਚਿਤਵਨੀ
ਨਿਸਚਾ
ਜੀਵਨ ਸੇਧ
ਰੁਚੀਆਂ
ਗਿਆਨ
ਕਰਮ
ਸੁਭਾਓ
ਮਨੋਰੰਜਨ

ਆਦਿ ਬਦਲਣੇ ਪੈਣਗੇ ਅਤੇ ਉਹਨਾਂ ਤੋਂ —

'ਐਨ ਉਲਟ'
ਆਤਮ ਮੰਡਲ ਦੇ ਦੈਵੀ ਗੁਣ ਧਾਰਨੇ ਪੈਣਗੇ ।

ਐਸੇ 'ਮਨਮੁਖ ਜੀਵਨ' ਤੋਂ 'ਗੁਰਮੁਖ ਜੀਵਨ' ਵਲ 'ਉਲਟ ਤਬਦੀਲੀ'—

ਅਲੌਕਿਕ ਆਤਮਿਕ ਅਕਲ ਕਲਾ ਹੈ ।
ਅਚਰਜ ਇਲਾਹੀ ਕਰਾਮਾਤ ਹੈ ।
ਦੈਵੀ ਕ੍ਰਿਸ਼ਮਾ ਹੈ ।
'ਜੀਵਤ-ਮਰਨਾ' ਹੈ ।

ਆਤਮਿਕ ਪਿਉਂਦ ਚਾੜ੍ਹਨੀ ਹੈ ।
ਅੰਤ੍-ਆਤਮੇ 'ਧਰਮ' ਧਾਰਨਾ ਹੈ ।

ਜੀਵਨ ਵਿਚ ਇਹ ਮਹੱਤਵਪੂਰਨ 'ਉਲਟ ਤਬਦੀਲੀ' ਲਿਆਉਣ ਲਈ, ਸਭ ਤੋਂ ਪਹਿਲਾ ਅਤੇ ਜ਼ਰੂਰੀ ਸਾਧਨ, ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ ਸੰਗਤ ਅਥਵਾ 'ਸਾਧ-ਸੰਗਤ' ਹੀ ਦੱਸੀ ਗਈ ਹੈ —

ਖੋਜਤ ਖੋਜਤ ਸੁਨੀ ਇਹ ਸੋਇ ।
ਸਾਧਸੰਗਤਿ ਬਿਨੁ ਤਰਿਓ ਨ ਕੋਇ ॥ (ਪੰਨਾ-373)

ਸਾਧਸੰਗਤਿ ਮਿਲਿ ਬੁਧਿ ਬਿਬੇਕ ॥ (ਪੰਨਾ-377)

ਸਾਧਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ (ਪੰਨਾ-694)

ਅਨ ਤੇ ਟੂਟੀਐ ਰਿਖ ਤੇ ਛੂਟੀਐ ॥
ਮਨ ਹਰਿ ਰਸ ਘੂਟੀਐ ਸੰਗਿ ਸਾਧੂ ਉਲਟੀਐ ॥ (ਪੰਨਾ-830)

ਸੰਤ ਜਨਾ ਕੀ ਲੇਹੁ ਮਤੇ ॥
ਸਾਧ ਸੰਗਿ ਪਾਵਹੁ ਪਰਮ ਗਤੇ ॥ (ਪੰਨਾ-1136)

ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥ (ਪੰਨਾ-651)

ਅੰਦਰਲੇ ਘੁੱਪ ਹਨੇਰੇ ਕਮਰੇ ਦੇ ਅੰਧ ਗੁਬਾਰ ਵਿਚ ਠੋਕਰਾਂ ਅਤੇ ਭੁਲੇਖਿਆਂ ਤੋਂ ਦੁਖੀ ਹੋ ਕੇ, ਅਸੀਂ 'ਹਨੇਰੇ' ਵਲ ਪਿੱਠ ਕਰਕੇ 'ਚਾਨਣ' ਵਲ ਦੌੜਦੇ ਹਾਂ ।

ਅੱਗ ਦੇ ਭਾਂਬੜ ਦੀਆਂ ਲਾਟਾਂ ਤੋਂ ਬਚਣ ਲਈ ਭੀ, ਅਸੀਂ ਭਾਂਬੜ ਤੋਂ ਦੂਰ ਭੱਜਦੇ ਹਾਂ ਅਤੇ ਕੋਈ ਠੰਢੀ ਥਾਂ ਭਾਲਦੇ ਹਾਂ ।

ਐਨ ਏਸੇ ਤਰ੍ਹਾਂ ਜਦ ਜੀਵ ਮਾਇਕੀ ਮੰਡਲ ਦੇ —

'ਅਗਨ ਸੋਕ ਸਾਗਰ' ਦੇ ਭਾਂਬੜ
'ਆਤਿਸ਼ ਦੁਨੀਆ' ਦੇ ਸੇਕ
'ਬਿਖਮ ਸਾਗਰ' ਦੀਆ ਡੋਬੂ ਲਹਿਰਾਂ
'ਮਾਇਆ ਨਾਗਨੀ ' ਦੇ ਡੰਗ
ਮਾਇਆ ਠਗਉਰੀ ਦੇ 'ਚਰਿਤ੍'
'ਪੰਜਾਂ ਦੇ ਭੜਥੂ
'ਨਰਕ ਘੋਰ ਦਾ ਦੁਆਰਾ'

ਤੋਂ ਅਤਿ ਦੁਖੀ ਹੋ ਕੇ ਤੰਗ ਆ ਜਾਂਦਾ ਹੈ, ਤਾਂ ਇਸ ਝੂਠੀ ਤ੍ਰੈ ਗੁਣੀ ਮਾਇਆ ਵਲ 'ਪਿਠ' ਕਰਕੇ ਅਥਵਾ 'ਤਿਆਗ ਕੇ' ਆਤਮਿਕ ਮੰਡਲ ਅਥਵਾ 'ਪਰਮਾਰਥ' ਵਲ ਮੁੜਦਾ ਹੈ ਅਤੇ ਆਤਮਿਕ ਸੁਖ-ਸ਼ਾਂਤੀ ਦੀ ਤਲਾਸ਼ ਵਿਚ ਨਿਕਲਦਾ ਹੈ ।

ਹਰਿ ਜਨ ਸੰਤ ਮਿਲਹੁ ਮੇਰੇ ਭਾਈ ॥
ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ ॥ (ਪੰਨਾ-95)

ਕੋਈ ਸਜਣੁ ਸੰਤੁ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥
ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥
ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ॥ (ਪੰਨਾ-94)

## ਬਾਹਰਮੁਖੀ ਮਾਇਕੀ ਮੰਡਲ ਵੱਲੋਂ ਮੁੜਨਾ
## ਅਤੇ
## ਆਤਮਿਕ ਮੰਡਲ ਵਲ ਮੂੰਹ ਕਰਨਾ ਅਥਵਾ 'ਅੰਤ੍ਰਮੁਖੀ' ਹੋਣਾ

ਹੀ ਜਗਿਆਸੂ ਦੀ ਨਿਰਾਲੀ 'ਉਲਟੀ ਖੇਡ ਹੈ, ਜਿਸ ਨੂੰ ਕੋਈ ਵਿਰਲਾ ਗੁਰਮੁਖ ਹੀ ਖੇਲਦਾ ਹੈ । ਬਾਕੀ ਸਾਰੇ ਜੀਵ ਇਸ 'ਅਗਨ ਸੋਕ ਸਾਗਰ' ਵਿਚ ਹੀ —

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-133)

ਅਨੁਸਾਰ, ਆਪਣਾ ਅਮੋਲਕ ਜਨਮ ਅਜਾਈਂ ਗਵਾ ਕੇ, ਜਮਾਂ ਦੇ ਵੱਸ ਪੈ ਕੇ, ਆਵਾ-ਗਮਨ ਦੇ ਫੇਰ ਵਿਚ ਪਏ ਹੋਏ ਹਨ ।

ਅਸੀਂ ਗੁਰਬਾਣੀ ਦੇ ਊਚਮ-ਊਚੇ, ਸੂਚਮ-ਸੂਚੇ, ਸੁਖਦਾਈ, ਕਲਿਆਣਕਾਰੀ ਆਤਮਿਕ ਉਪਦੇਸ਼ਾਂ ਦੇ ਗੁੱਝੇ ਭੇਦਾਂ ਤੋਂ ਅਣਜਾਣ, ਅਵੇਸਲੇ ਜਾਂ ਜਾਣ-ਬੁੱਝ ਕੇ ਮਚਲੇ ਹੋ ਕੇ, ਗੁਰਬਾਣੀ ਦੇ ਉਪਦੇਸ਼ਾਂ ਦੇ 'ਐਨ ਉਲਟ' ਜੀਵਨ ਬਤੀਤ ਕਰ ਰਹੇ ਹਾਂ ।

ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ ॥
ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ ॥ (ਪੰਨਾ-727)

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥ (ਪੰਨਾ-1376)

ਗੁਰਬਾਣੀ ਦੇ ਉਪਦੇਸ਼ਾਂ ਦੇ 'ਉਲਟ' ਸਾਡੀ ਜੀਵਨ-ਰੋੜ੍ਹ ਨੂੰ ਸਪਸ਼ਟ ਕਰਨ ਲਈ ਹੇਠਾਂ ਬਿਉਰਾ ਦਿੱਤਾ ਜਾਂਦਾ ਹੈ —

| ਗੁਰਬਾਣੀ ਦਾ ਉਪਦੇਸ਼ | ਸਾਡੀ ਕਿਰਿਆ |
|---|---|
| ਸਾਚਿ ਨਾਮਿ ਮੇਰਾ ਮਨੁ ਲਾਗਾ ॥ | ਮਾਇਆ ਵਿਚ ਮਨ ਲੱਗਿਆ ਹੋਇਆ ਹੈ । |
| ਲੋਗਨ ਸਿਉ ਮੇਰਾ ਠਾਠਾ ਬਾਗਾ ॥ | ਪਰਮਾਰਥ ਨਾਲ ਠਾਠਾ-ਬਾਗਾ ਕਰਦੇ ਹਾਂ। |
| ਅਵਰਿ ਕਾਜ ਤੇਰੈ ਕਿਤੈ ਨ ਕਾਮ ॥ | ਦਿਨ-ਰਾਤ ਅਵਰ ਕਾਜ ਵਿਚ ਹੀ |

| | |
|---|---|
| | ਗਲਤਾਨ ਰਹਿੰਦੇ ਹਾਂ । |
| ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥ | ਸਾਧ ਸੰਗਤ ਕਰਨ ਦੀ ਫੁਰਸਤ ਜਾਂ ਲੋੜ ਹੀ ਨਹੀਂ ਭਾਸਦੀ । |
| 'ਫਰੀਦਾ ਬੁਰੇ ਦਾ ਭਲਾ ਕਰਿ' | ਭਲੇ ਨਾਲ ਬੁਰਾ ਕਰਨਾ । |
| 'ਗੁਸਾ ਮਨਿ ਨ ਹਢਾਇ' | ਗੁੱਸੇ ਵਿਚ ਦਿਨ-ਰਾਤ ਸੜ-ਬਲ ਕੇ ਕੋਇਲੇ ਬਣੇ ਹੋਏ ਹਾਂ । |
| 'ਨਾ ਕੋ ਬੈਰੀ ਨਹੀ ਬਿਗਾਨਾ' | ਸਾਰੇ ਹੀ ਬਿਗਾਨੇ ਤੇ ਵੈਰੀ ਧਾਰੇ ਹੋਏ ਹਨ । |
| 'ਸਗਲ ਸੰਗਿ ਹਮ ਕਉ ਬਨਿ ਆਈ' | ਕਿਸੇ ਨਾਲ ਨਹੀਂ ਬਣਦੀ । |
| 'ਤਜਹੁ ਸਿਆਨਪ ਸੁਰਿ ਜਨਹੁ' | ਸਿਆਣਪ ਘੋਟਣ ਵਿਚ ਹੀ ਵਡਿਆਈ ਤੇ ਫਖਰ ਸਮਝਦੇ ਹਾਂ । |
| 'ਸਿਮਰਹੁ ਹਰਿ ਹਰਿ ਰਾਇ' | ਸਿਮਰਨ ਦੀ ਲੋੜ ਹੀ ਨਹੀਂ ਭਾਸਦੀ । |
| 'ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ' | 'ਨਾਮ' ਦੀ ਸਾਨੂੰ ਸੋਝੀ ਹੀ ਨਹੀਂ, ਅਤੇ ਕੂੜੀਆਂ ਗੱਲਾਂ ਵਿਚ ਹੀ ਗਲਤਾਨ ਹਾਂ। |
| 'ਦੇਖ ਕੇ ਅਣਡਿੱਠ ਕਰਨਾ' | ਬਲਕਿ ਮਸਾਲੇ ਲਾ ਕੇ ਚਰਚਾ ਕਰਨ ਵਿਚ ਸਵਾਦ ਲੈਂਦੇ ਹਾਂ । |
| 'ਸੁਣ ਕੇ ਅਣਸੁਣਿਆ' ਕਰਨਾ | ਸੁਣ ਕੇ, ਘੋਟ ਕੇ, ਅੰਦਰੋਂ-ਅੰਦਰ ਕੁੜ੍ਹਨਾ ਅਤੇ ਸੜਨਾ । |
| 'ਰੋਸੁ ਨ ਕਾਹੂ ਸੰਗ ਕਰਹੁ' | ਨਿੱਕੀ-ਨਿੱਕੀ ਗੱਲ ਤੇ ਰੋਸੇ-ਗਿਲੇ, ਈਰਖਾ-ਦਵੈਤ ਅਤੇ ਵੈਰ-ਵਿਰੋਧ ਵਧਾਉਣਾ । |
| 'ਨਿੰਦਾ ਭਲੀ ਕਿਸੈ ਕੀ ਨਾਹੀ' | ਨਿੰਦਾ ਕਰਕੇ ਰਸ ਮਾਨਣਾ । |
| 'ਹਥਹੁ ਦੇ ਕੈ ਭਲਾ ਮਨਾਵੈ' | ਹਥੋਂ ਲੈ ਕੇ ਖੁਸ਼ ਹੁੰਦੇ ਹਾਂ । |

ਸ੍ਰਿਸ਼ਟੀ ਦੇ ਆਰੰਭ ਤੋਂ ਹੀ ਅਨੇਕਾਂ ਗੁਰੂ, ਅਵਤਾਰ, ਸੰਤ, ਭਗਤ, ਇਸ 'ਉਲਟੀ ਆਤਮਿਕ ਖੇਲ' ਦਾ ਉਪਦੇਸ਼ ਕਰਦੇ ਆਏ ਹਨ । ਗੁਰਬਾਣੀ ਭੀ ਇਹ ਸੱਚਾ-ਸੁੱਚਾ ਆਤਮਿਕ ਉਪਦੇਸ਼ ਦ੍ਰਿੜ੍ਹ ਕਰਾਉਂਦੀ ਹੈ, ਪਰ ਇਸ ਮਹੱਤਵਪੂਰਨ ਗੁਰ ਉਪਦੇਸ਼ ਨੂੰ ਅਸੀਂ —

ਪੜ੍ਹ ਕੇ

ਸੁਣ ਕੇ

ਗਾ ਕੇ
ਲਿਖ ਕੇ
ਕਥਾ ਵਾਰਤਾ ਕਰਕੇ
ਫਿਲਾਸਫੀਆਂ ਘੋਟ ਕੇ
ਵਾਦ-ਵਿਵਾਦ

ਵਿਚ ਹੀ, ਇਹਨਾਂ ਉਪਦੇਸ਼ਾਂ ਦੇ 'ਉੱਪਰ ਦੀ ਲੰਘ' ਜਾਂਦੇ ਹਾਂ ਯਾ ਫੋਕੇ ਦਿਮਾਗੀ ਵਿਚਾਰਾਂ ਦੇ 'ਰੋਲ-ਘਚੋਲੇ' ਵਿਚ 'ਗਵਾ' ਛਡਦੇ ਹਾਂ। ਜਿਸ ਕਾਰਨ ਇਹਨਾਂ ਦੇ ਅੰਤ੍ਰੀਵ ਅਨੁਭਵੀ ਆਤਮਿਕ 'ਤਤ ਵਿਚਾਰ' ਤੋਂ ਅਣਜਾਣ ਹੋ ਕੇ, ਵਾਂਝੇ ਰਹਿੰਦੇ ਹਾਂ ।

ਅਗਿਆਨਤਾ ਦੀ ਵਜਾਹ ਨਾਲ, ਆਮ ਜਨਤਾ ਤਾਂ ਮਾਇਕੀ ਮੰਡਲ ਵਿਚ ਹੀ ਪਲਚ-ਪਲਚ ਕੇ ਘੋਰ ਨਰਕ ਭੋਗ ਰਹੀ ਹੈ । ਪਰ ਅਫਸੋਸ ਦੀ ਗੱਲ ਤਾਂ ਇਹ ਹੈ ਕਿ ਅਖੌਤੀ ਧਾਰਮਿਕ ਆਗੂਆਂ ਨੇ ਭੀ ਗੁਰਬਾਣੀ ਦੇ ਇਹਨਾਂ ਊਚਮ-ਊਚੇ, ਸੂਚਮ-ਸੂਚੇ ਉਪਦੇਸ਼ਾਂ ਨੂੰ ਕਥਨੀ-ਬਦਨੀ ਫੋਕੇ ਗਿਆਨ ਅਤੇ ਸੁੱਕੀ ਫਿਲਾਸਫੀ ਤਾਂਈਂ ਸੀਮਤ ਕੀਤਾ ਹੋਇਆ ਹੈ ।

ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥
ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥ (ਪੰਨਾ-231)

ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥ (ਪੰਨਾ-477)

ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ॥ (ਪੰਨਾ-509)

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥ (ਪੰਨਾ -650)

ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥ (ਪੰਨਾ-655)

ਗੁਰਬਾਣੀ ਵਿਚ ਅਨੇਕਾਂ ਵਾਰੀ 'ਸਾਕਤ' ਲਫਜ਼ ਆਇਆ ਹੈ । ਜਿਸ ਤਰ੍ਹਾਂ ਪਹਿਲਾਂ ਦਸਿਆ ਜਾ ਚੁੱਕਿਆ ਹੈ ਕਿ 'ਸਾਕਤ' ਉਹ ਹੈ, ਜੋ ਪਰਮਾਤਮਾ ਦੀ 'ਹੋਂਦ' ਨੂੰ ਨਹੀਂ ਮੰਨਦਾ ਯਾ ਭੁੱਲਿਆ ਹੋਇਆ ਹੈ ਯਾ 'ਓਪਰੇ' ਮਨ ਨਾਲ ਹੀ ਸਾਖੀ ਭਰਦਾ ਹੈ। ਇਸ ਤਰ੍ਹਾਂ 'ਸਾਕਤ ਜੀਵ' ਆਪਣੀ ਹਉਂ ਧਾਰੀ 'ਹੋਂਦ' ਨੂੰ ਹੀ 'ਸਚ' ਮੰਨੀ ਬੈਠੇ ਹਨ ਅਤੇ ਮੈਂ-ਮੇਰੀ ਦੇ ਆਧਾਰ ਤੇ ਜੀਵਨ ਬਤੀਤ ਕਰਦੇ ਹਨ ।

ਸਾਕਤ ਹਰਿ ਰਸ ਸਾਦੁ ਨਾ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥ (ਪੰਨਾ-13)

ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ ॥

(ਪੰਨਾ–800)

ਸਾਕਤ ਨਰ ਅਹੰਕਾਰੀ ਕਹੀਅਹਿ ਬਿਨੁ ਨਾਵੈ ਧ੍ਰਿਗੁ ਜੀਵੀਜੈ ॥ (ਪੰ.–1325)

ਜੇਕਰ ਦਿਆਨਤਦਾਰੀ ਨਾਲ ਆਪਣੇ ਮਨ ਦੀ ਹਾਲਤ ਨੂੰ, ਉਪਰਲੀਆਂ ਗੁਰਬਾਣੀ ਦੀਆਂ ਪੰਗਤੀਆਂ ਦੀ ਕਸਵੱਟੀ ਉੱਤੇ ਪਰਖੀਏ, ਤਾਂ ਪਤਾ ਲੱਗੇਗਾ ਕਿ ਬਹੁਤ ਸਾਰੇ ਜੀਵ 'ਸਾਕਤਾਂ' ਦੀ ਸ਼੍ਰੇਣੀ ਵਿਚ ਹੀ ਗਿਣੇ ਜਾ ਸਕਦੇ ਹਨ ।

ਹੈਰਾਨੀ ਵਾਲੀ ਗੱਲ ਇਹ ਹੈ ਕਿ 'ਸਾਕਤ' ਅੱਖਰ ਪੜ੍ਹ ਕੇ ਯਾ ਸੁਣ ਕੇ ਅਸੀਂ ਸਮਝਦੇ ਹਾਂ ਕਿ ਇਹ ਅੱਖਰ ਸਾਡੇ ਉੱਤੇ ਨਹੀਂ 'ਢੁੱਕਦਾ'—ਕਿਸੇ ਹੋਰ ਲਈ ਵਰਤਿਆ ਗਿਆ ਹੋਵੇਗਾ।

ਐਸਾ ਸਮਝਣਾ ਹੀ, ਸਾਡੀ 'ਹਉਮੈ' ਦੀ 'ਹੰਗਤਾ' ਯਾ ਹਉਂ–ਧਾਰੀ 'ਸਾਕਤ' ਹੋਣ ਦੀ ਗਵਾਹੀ ਹੈ ।

ਇਹੋ ਕਾਰਨ ਹੈ ਕਿ ਇਤਨੇ ਪਾਠ–ਪੂਜਾ, ਕਥਾ–ਵਾਰਤਾ, ਅਤੇ ਕਰਮ–ਕ੍ਰਿਆ ਕਰਦਿਆਂ ਅਤੇ ਸੁਣਦਿਆਂ ਵੀ, ਜੀਵ ਮੋਹ–ਮਾਇਆ ਵਿਚ ਪਲਚ–ਪਲਚ ਕੇ ਨਰਕ ਭੋਗ ਰਹੇ ਹਨ ।

ਉਪਰਲੀਆਂ ਵਿਚਾਰਾਂ ਤੋਂ ਸਿੱਧ ਹੁੰਦਾ ਹੈ, ਕਿ ਗੁਰਮੁਖਾਂ ਦੀ ਉੱਚੀ–ਸੁੱਚੀ ਆਤਮਿਕ ਅਵਸਥਾ, 'ਸਾਕਤ ਦੇ ਜੀਵਨ' ਤੋਂ—

ਹੋਰਵੇਂ
ਵਿਲੱਖਣ
ਮੁਖਾਲਿਫ
ਉਲਟ
ਮੁਤਜ਼ਾਦ ਹੈ ।

ਇਸ ਲਈ ਮਨ ਦੀ ਬਾਹਰਮੁਖੀ 'ਜੀਵਨ–ਰੌੜ੍ਹ' ਨੂੰ ਮਾਇਕੀ ਮੰਡਲ ਤੋਂ—

ਠੱਲ ਕੇ
ਮੋੜ ਕੇ
ਬਦਲ ਕੇ
ਪਲਟ ਕੇ

ਆਤਮਿਕ ਮੰਡਲ ਵਲ 'ਉਲਟਾਉਣਾ' ਹੀ —

ਸਾਕਤ ਸਿਉ ਕਰਿ ਉਲਟੀ ਰੇ ॥ (ਪੰਨਾ–535)